# ਅੰਤਿਕਾ ੳ: ਕਲਾਇੰਟ ਨੋਟੀਫ਼ਿਕੇਸ਼ਨ ਫ਼ਾਰਮ

## APPENDIX A: Client Notification Form

### ਇਲੈੱਕਟ੍ਰਾਨਿਕ ਸਾਧਨਾਂ ਦੀ ਵਰਤੋਂ ਦੁਆਰਾ ਕੀਤੇ ਸੰਚਾਰ ਪ੍ਰਸਾਰ ਬਾਰੇ ਐਲਾਨ (ਨੋਟੀਫ਼ਿਕੇਸ਼ਨ)

**Notification for the use of Digital Communications**

ਆਪਣੀਆਂ ਮੁਲਾਕਾਤਾਂ ਦੇ ਦੌਰਾਨ ਇਲੈੱਕਟ੍ਰਾਨਿਕ ਸਾਧਨਾਂ ਦੀ ਵਰਤੋਂ ਦੁਆਰਾ ਦੇਖ ਭਾਲ ਕਰ ਰਹੀ ਟੀਮ ਨਾਲ ਗਲ ਬਾਤ ਕਰਨੀ ਇੱਕ ਬੜਾ ਹੀ ਸੌਖਾ ਤਰੀਕਾ ਹੋ ਸਕਦਾ ਹੈ ਪਰ ਨਿੱਜੀ ਜਾਣਕਾਰੀ ਭੇਜਣ ਲਈ ਇਸ ਟੈਕਨਾਲੋਜੀ ਵਿਚ ਖ਼ਤਰੇ ਹਨ।

ਇਹ ਸੁਨਿਸ਼ਚਿਤ ਕਰਨ ਲਈ ਕਿ ਅਸੀਂ ਜੋ ਵੀ ਨਿੱਜੀ ਜਾਣਕਾਰੀ ਤੁਹਾਨੂੰ ਭੇਜਦੇ ਹਾਂ ਉਹ ਸਿਰਫ਼ ਤੇ ਸਿਰਫ਼ ਤੁਹਾਨੂੰ ਹੀ ਮਿਲੇ ਇਸ ਲਈ ਅਸੀਂ ਜੋ ਕੁੱਝ ਵੀ ਕਰ ਸਕਦੇ ਹਾਂ ਉਹ ਕਰਾਂਗੇ, ਪਰ ਆਹਮੋ ਸਾਹਮਣੇ ਮੁਲਾਕਾਤ ਤੋਂ ਇਲਾਵਾ ਇਹ ਕਦੀ ਵੀ 100% ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਕਿ ਅਸੀਂ ਕਿਸ ਨਾਲ ਗਲ ਬਾਤ ਕਰ ਰਹੇ ਹਾਂ।

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਜਾਣਕਾਰੀ ਨੂੰ ਕੰਟਰੋਲ ਨਹੀਂ ਕਰ ਸਕਦੇ ਜਦ ਉਹ; 1) ਤੁਹਾਡੇ ਯੰਤਰ ਤੇ; 2) ਦੂਰ ਸੰਚਾਰ ਕੰਪਨੀ ਦੁਆਰਾ; 3) ਸਾਫ਼ਟਵੇਅਰ ਜਾਂ ਐਪਲੀਕੇਸ਼ਨ ਵਾਲੀ ਕੰਪਨੀ ਦੁਆਰਾ; ਜਾਂ 4) ਜਾਂ ਹੋਰ ਐਪਲੀਕੇਸ਼ਨਜ਼ ਜਿਨ੍ਹਾਂ ਨੂੰ ਤੁਹਾਡੇ ਸੰਦੇਸ਼ਾਂ ਦੀ ਪਹੁੰਚ ਪ੍ਰਾਪਤ ਹੈ ਤੇ ਸਟੋਰ ਕੀਤੀ ਜਾਂਦੀ ਹੈ

ਆਪਣੇ ਕੰਪਿਊਟਰ/ਟੇਬਲੈੱਟ, ਈਮੇਲ ਅਤੇ ਟੈਲੀਫ਼ੋਨ ਦੀ ਸੁਰੱਖਿਆ/ਸਕਿਉਰਿਟੀ ਲਈ ਤੁਸੀਂ ਜ਼ਿੰਮੇਵਾਰ ਹੋ।

### ਇਲੈੱਕਟ੍ਰਾਨਿਕ ਸਾਧਨਾਂ ਦੀ ਵਰਤੋਂ ਦੇ ਖ਼ਤਰੇ Risks of using Digital Communications

ਜੇ ਹੋਰਨਾਂ ਨੂੰ ਤੁਹਾਡੇ ਫ਼ੋਨ, ਟੇਬਲੈੱਟ ਜਾਂ ਈਮੇਲ ਦੀ ਪਹੁੰਚ ਪ੍ਰਾਪਤ ਹੈ ਤਾਂ ਉਹ ਜਾਣਕਾਰੀ ਮੰਗ ਸਕਦੇ ਹਨ, ਵੇਖ ਸਕਦੇ ਹਨ, ਬਦਲ ਸਕਦੇ ਹਨ ਜਾਂ ਮਿਟਾ ਸਕਦੇ ਹਨ।

ਜੇ ਕਰ ਜਾਣਕਾਰੀ ਕੰਪਿਊਟਰ/ਯੰਤਰ ਵਿਚ ਸਟੋਰ ਕੀਤੀ ਹੈ ਤਾਂ ਉਹ ਵਾਇਰਸ ਜਾਂ ਮਲਵੇਅਰ ਕਾਰਨ ਅਸੁਰੱਖਿਅਤ ਹੋ ਸਕਦੀ ਹੈ।

ਕਾਨੂੰਨ ਅਨੁਸਾਰ ਜਾਂ ਅਦਾਲਤੀ ਹੁਕਮਾਂ ਅਨੁਸਾਰ ਮੰਗੀ ਜਾਣਕਾਰੀ ਸੰਸਥਾਵਾਂ ਵੱਲੋਂ ਦੇਣੀ ਪੈ ਸਕਦੀ ਹੈ।

ਇਲੈੱਕਟ੍ਰਾਨਿਕ ਜਾਣਕਾਰੀ ਕਿਸੇ ਤੀਜੀ ਧਿਰ ਦੁਆਰਾ ਰਸਤੇ ਵਿਚ ਪਕੜੀ/ਇੰਟਰਸੈਪਟ ਕੀਤੀ ਜਾ ਸਕਦੀ ਹੈ।

ਤੁਹਾਡਾ ਡੇਟਾ ਕੈਨੇਡਾ ਤੋਂ ਬਾਹਰ ਸਟੋਰ/ਜਾਂ ਪ੍ਰਾਪਤ ਕੀਤਾ ਹੋ ਸਕਦਾ ਹੈ।

### ਤੁਸੀਂ ਕੀ ਕਰ ਸਕਦੇ ਹੋ? What can you do?

ਜਿਹੜੀ ਜਾਣਕਾਰੀ ਤੁਹਾਡੇ ਕੰਟਰੋਲ ਵਿਚ ਹੈ ਉਸ ਦੀ ਸੁਰੱਖਿਆ ਲਈ ਤੁਹਾਡੀ ਮਦਦ ਵਾਸਤੇ ਹੇਠਾਂ ਕੁੱਝ ਸੁਝਾਅ ਦਿੱਤੇ ਜਾਂਦੇ ਹਨ।

ਇਹ ਧਿਆਨ ਵਿਚ ਰੱਖਣਾ ਬੜਾ ਮਹੱਤਵਪੂਰਨ ਹੈ ਕਿ ਇਹ ਆਮ ਵਧੀਆ ਤਰੀਕੇ ਹਨ ਪਰ ਫਿਰ ਵੀ ਇਹ ਗਰੰਟੀ ਨਹੀਂ ਦਿੱਤੀ ਜਾ ਸਕਦੀ ਕਿ ਤੁਹਾਡੀ ਜਾਣਕਾਰੀ ਤੱਕ ਕੋਈ ਤੀਜੀ ਧਿਰ ਪਹੁੰਚ ਨਹੀਂ ਕਰ ਸਕਦੀ।

- ਆਪਣਾ ਪਾਸ-ਵਰਡ ਸੁਰੱਖਿਅਤ ਰੱਖੋ! ਕੋਈ ਹੋਰ ਤੁਹਾਡੇ ਵੱਲੋਂ ਤੁਹਾਡੇ ਯੰਤਰ ਜਾਂ ਤੁਹਾਡੀ ਈਮੇਲ ਰਾਹੀਂ ਸਾਨੂੰ ਬੇਨਤੀ ਕਰ ਸਕਦਾ ਹੈ।
- ਕੋਈ ਵੀ ਐਪਲੀਕੇਸ਼ਨ ਭਰੋਸੇਯੋਗ ਸਰੋਤ (ਗੂਗਲ ਪਲੇ ਸਟੋਰ) ਤੋਂ ਹੀ ਉਤਾਰੋ। ਜੋ ਜਾਣਕਾਰੀ ਤੁਸੀਂ ਦੇਣਾ ਚਾਹੁੰਦੇ ਹੋ ਜੇ ਕਰ ਉਹ ਜ਼ਿਆਦਾ ਸੰਵੇਦਨਸ਼ੀਲ ਹੈ, ਤਾਂ ਤੁਹਾਨੂੰ ਵਾਰਤਾਲਾਪ ਲਈ ਕਿਸੇ ਹੋਰ ਜ਼ਿਆਦਾ ਸੁਰੱਖਿਅਤ ਤਰੀਕੇ ਦੀ ਵਰਤੋਂ ਕਰਨ ਦੀ ਲੋੜ ਹੋਵੇਗੀ।
- ਜਿਨ੍ਹਾਂ ਈਮੇਲ ਜਾਂ ਸੰਦੇਸ਼ਾਂ ਦੀ ਲੋੜ ਨਹੀਂ ਉਨ੍ਹਾਂ ਨੂੰ ਹਟਾ/ਮਿਟਾ ਦਿਓ।
- ਆਪਣੇ ਯੰਤਰ ਦੀ ਸੈਟਿੰਗ ਦੀ ਵਰਤੋਂ ਨਾਲ ਇਹ ਕੰਟਰੋਲ ਕਰੋ ਕਿ ਤੁਹਾਡੀਆਂ ਐਪਸ ਨੂੰ ਕਿਸ ਜਾਣਕਾਰੀ ਦੀ ਪਹੁੰਚ ਲਈ ਮਨਜ਼ੂਰੀ/ਇਜਾਜ਼ਤ ਹੋਣੀ ਚਾਹੀਦੀ ਹੈ।
- ਪਬਲਿਕ ਵਾਈ ਫ਼ਾਈ ਦੀ ਵਰਤੋਂ ਸਮੇਂ ਨਿੱਜੀ ਜਾਣਕਾਰੀ ਭੇਜਣ ਤੋਂ ਪਰਹੇਜ਼ ਕਰੋ।
- ਆਪਣੇ ਯੰਤਰ ਦੇ ਮਨਜ਼ੂਰੀ ਦੇਣ ਵਾਲੇ ਕੰਟਰੋਲਾਂ ਦੀ ਵਰਤੋਂ ਨਾਲ ਇਹ ਸੁਨਿਸ਼ਚਿਤ ਕਰੋ ਕਿ ਤੁਹਾਡੀ ਕਿਸੇ ਵੀ ਐਪ ਕੋਲ ਤੁਹਾਡੇ ਸੰਦੇਸ਼ਾ ਅਤੇ/ਜਾਂ ਈਮੇਲ ਸਬੰਧੀ ਗ਼ੈਰਜ਼ਰੂਰੀ ਪਹੁੰਚ ਦੀ ਇਜਾਜ਼ਤ ਨਹੀਂ।
- ਆਪਣੇ ਕੰਪਿਊਟਰ ਜਾਂ ਯੰਤਰਾਂ ਲਈ ਵਾਇਰਸ ਤੋਂ ਸੁਰੱਖਿਆ ਲਈ ਐਂਟੀ ਵਾਇਰਸ ਵਰਤੋ ਅਤੇ ਨਿਯਮਿਤ ਤੌਰ ਤੇ ਸਕੈਨ ਕਰਦੇ ਰਹੋ।